58

ਪੰਜਾਬ ਸਰਕਾਰ
ਮਾਲ ਵਿਭਾਗ
(ਮੁਰੱਬਾਬੰਦੀ ਸ਼ਾਖਾ)

ਸੇਵਾ ਵਿਖੇ,

1. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਮੰਡਲ ਕਮਿਸ਼ਨਰ।

2. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ।

ਮੀਮੋ ਨੰ: 31/26/2006-ਮਬ-1/ 8991
ਚੰਡੀਗੜ੍ਹ, ਮਿਤੀ 20-4-07

ਵਿਸ਼ਾ:- ਮਾਲ ਪਟਵਾਰੀਆਂ/ਕਾਨੂੰਗੋਆਂ ਦੁਆਰਾ ਪਟਵਾਰਖਾਨਿਆਂ ਵਿਚ ਬੈਠਣ ਅਤੇ ਆਮ ਜਨਤਾ ਨੂੰ ਮਿਲਣ ਲਈ ਦਿਨ ਨਿਸ਼ਚਿਤ ਕਰਨ ਸਬੰਧੀ ਹਦਾਇਤਾਂ ਬਾਰੇ।

*****

ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਵੱਖ-ਵੱਖ ਸਮੇਂ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਆਮ ਜਨਤਾ ਪਟਵਾਰੀਆਂ ਅਤੇ ਕਾਨੂੰਗੋਆਂ ਤੋਂ ਵੱਖ-ਵੱਖ ਪ੍ਰਕਾਰ ਦੇ ਸਰਕਾਰੀ ਕੰਮਾਂ ਨੂੰ ਕਰਵਾਉਣ ਲਈ ਅਕਸਰ ਖੱਜਲ-ਖੁਆਰ ਹੋ ਰਹੀ ਹੈ। ਅਕਸਰ ਆਮ ਜਨਤਾ ਸ਼ਿਕਾਇਤ ਕਰਦੀ ਹੈ ਕਿ ਪਟਵਾਰੀ ਜਾਂ ਕਾਨੂੰਗੋ ਆਪਣੇ ਪਟਵਾਰ ਸਰਕਲ ਵਿਚ ਮੌਜੂਦ ਨਹੀਂ ਰਹਿੰਦੇ ਜਦੋਂ ਕਿ ਇਹ ਤੱਥ ਵੀ ਮੰਨਣਯੋਗ ਹੈ ਕਿ ਪਟਵਾਰੀ ਜਾਂ ਕਾਨੂੰਗੋ ਨੂੰ ਸਰਕਾਰੀ ਜਾਂ ਅਦਾਲਤੀ ਮਾਮਲੇ ਨਿਪਟਾਉਣ ਲਈ ਤਹਿਸੀਲ ਜਾ ਜ਼ਿਲ੍ਹਾ ਦਫਤਰ ਜਾਂ ਅਦਾਲਤ ਵਿਚ ਵੀ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਇਹ ਕਰਮਚਾਰੀ ਕਿਸੇ ਗਿਰਦਾਵਰੀ, ਨਿਸ਼ਾਨਦੇਹੀ ਜਾਂ ਇੰਤਕਾਲ ਆਦਿ ਦੇ ਮਾਮਲੇ ਵਿਚ ਫੀਲਡ ਵਿਚ ਵੀ ਜਾਂਦੇ ਹਨ। ਇਸ ਸਾਰੀ ਸਥਿਤੀ ਦਾ ਮੁਲੰਕਣ ਕਰਦਿਆਂ ਇਹ ਸਿੱਟਾ ਨਿਕਲਿਆ ਹੈ ਕਿ ਪਟਵਾਰੀਆਂ ਅਤੇ ਕਾਨੂੰਗੋਆਂ ਦੁਆਰਾ ਆਪਣੇ ਸਬੰਧਤ ਸਰਕਲਾਂ ਵਿਚ ਬੈਠ ਕੇ ਕੰਮ ਕਰਨ ਨੂੰ ਨਿਯਮਬੱਧ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕੋਈ ਅਜਿਹਾ ਮੂਵਮੈਂਟ ਰਜਿਸਟਰ ਅਤੇ ਚਾਰਟ ਲਗਾਇਆ ਹੁੰਦਾ ਹੈ ਜਿਹੜਾ ਉਨ੍ਹਾਂ ਨੂੰ ਮਿਲਣ ਲਈ ਕੋਈ ਸਪਸ਼ਟ ਸੰਕੇਤ ਦਿੰਦਾ ਹੋਵੇ। ਇਸ ਸਥਿਤੀ ਨਾਲ ਨਿਪਟਣ ਲਈ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ:-

1) ਸਮੂਹ ਪਟਵਾਰੀ ਅਤੇ ਕਾਨੂੰਗੋ ਆਪਣੇ-ਆਪਣੇ ਪਟਵਾਰ/ਕਾਨੂੰਗੋ ਹਲਕੇ ਵਿਚ ਹਰੇਕ ਸੋਮਵਾਰ, ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਸਵੇਰੇ 9.00 ਵਜੇ ਤੋਂ 5.00 ਵਜੇ ਤੱਕ ਮੌਜੂਦ ਰਹਿਣਗੇ ਅਤੇ ਜ਼ਿਲ੍ਹਾ/ਸਬ-ਡਵੀਜਨ/ਤਹਿਸੀਲ ਦਫਤਰਾਂ ਜਾਂ ਖੇਤਰੀ ਮਿਣਤੀ ਜਾਂ ਇੰਤਕਾਲ ਆਦਿ ਦੇ ਕੰਮਾਂ ਲਈ ਕੇਵਲ ਬੁੱਧਵਾਰ ਅਤੇ ਵੀਰਵਾਰ ਨੂੰ ਹੀ ਨਿਪਟਾਉਣਗੇ। ਕਿਸੇ ਅਦਾਲਤੀ ਕੇਸ ਦੇ ਨਿਪਟਾਰੇ ਲਈ ਮੂਵਮੈਂਟ ਦਰਜ਼ ਕਰਕੇ ਕਿਸੇ ਵੀ ਨਿਸ਼ਚਿਤ ਦਿਨ ਅਦਾਲਤ ਵਿਚ ਹਾਜ਼ਰ ਹੋਣਗੇ।

2) ਉਹ ਆਪਣੀ ਮੂਵਮੈਂਟ ਬਾਰੇ ਰਜਿਸਟਰ ਰੱਖਣਗੇ ਕਿ ਕਿਸ ਵਿਸ਼ੇਸ਼ ਦਿਨ ਪਟਵਾਰੀ/ ਕਾਨੂੰਗੋ ਕਿੱਥੇ ਹੋਵੇਗਾ। ਉਹ ਆਪਣਾ ਮੂਵਮੈਂਟ ਰਜਿਸਟਰ ਆਪਣੇ ਹਲਕੇ ਦੇ ਸੀਨੀਅਰ ਮੋਸਟ ਲੰਬੜਦਾਰ ਪਾਸ ਰੱਖਣਗੇ।

3) ਜੇਕਰ ਉਕਤ ਦਿਨਾਂ ਦੌਰਾਨ ਪਟਵਾਰੀ ਜਾਂ ਕਾਨੂੰਗੋ ਨੇ ਕਿਸੇ ਸਰਕਾਰੀ ਜਾਂ ਅਦਾਲਤੀ ਕੰਮ ਲਈ ਬਾਹਰ ਜਾਣਾ ਹੋਵੇ ਤਾਂ ਇਸ ਦੀ ਅਗੇਤੀ ਇਤਲਾਹ ਸਬੰਧਤ ਲੰਬੜਦਾਰ ਨੂੰ ਦੇਕੇ ਜਾਣਗੇ ਅਤੇ ਇਸ ਦੇ ਨਾਲ ਹੀ ਆਪਣੇ ਦਫਤਰ ਦੇ ਬਾਹਰ ਦਰਵਾਜ਼ੇ ਤੇ ਜਾਂ ਬਲੈਕ ਬੋਰਡ ਤੇ ਆਪਣੀ ਨਾ ਮੌਜੂਦਗੀ ਬਾਰੇ ਲਿਖ ਕੇ ਜਾਣਗੇ ਕਿ ਉਹ ਕਿੱਥੇ ਜਾ ਰਿਹਾ ਹੈ।

4) ਜੇਕਰ ਸਬੰਧਤ ਡਿਪਟੀ ਕਮਿਸ਼ਨਰ, ਤਹਿਸੀਲਦਾਰ ਜਾਂ ਕਿਸੇ ਹੋਰ ਸਬੰਧਤ ਅਧਿਕਾਰੀ ਨੇ ਕਿਸੇ ਪਟਵਾਰੀ ਜਾਂ ਕਾਨੂੰਗੋ ਨੂੰ, ਜ਼ਿਲ੍ਹਾ/ਤਹਿਸੀਲ ਆਦਿ ਦਫਤਰ ਵਿਚ ਕਿਸੇ ਸਰਕਾਰੀ ਕੰਮ ਖਾਤਰ ਜਾਂ ਨਿਸ਼ਾਨਦੇਹੀ ਜਾਂ ਇੰਤਕਾਲ ਆਦਿ ਦੇ ਕੰਮ ਲਈ ਬੁਲਾਉਣਾ ਜਾਂ ਭੇਜਣਾ ਹੋਵੇ ਤਾਂ ਸਬੰਧਤ ਡਿਪਟੀ ਕਮਿਸ਼ਨਰ ਜਾਂ ਤਹਿਸੀਲਦਾਰ ਆਦਿ ਅਧਿਕਾਰੀ ਮੰਗਲਵਾਰ ਜਾਂ ਬੁੱਧਵਾਰ ਦਾ ਦਿਨ ਨਿਸ਼ਚਿਤ ਕਰਨ ਤਾਂ ਜੋ ਕੋਈ ਵੀ ਪਟਵਾਰੀ ਜਾਂ ਕਾਨੂੰਗੋ

59

ਇਸ ਬਿਨਾਅ ਤੇ ਕਿ ਉਹ ਕਿਸੇ ਸਰਕਾਰੀ ਕੰਮ ਦੇ ਨਿਪਟਾਰੇ ਲਈ ਦਫਤਰ ਡਿਪਟੀ ਕਮਿਸ਼ਨਰ ਜਾਂ ਤਹਿਸੀਲਦਾਰ ਆਦਿ ਵਲੋਂ ਬੁਲਾਇਆ ਹੋਇਆ ਜਾਂ ਗਿਆ ਹੋਇਆ ਸੀ, ਦਫਤਰ ਤੋਂ ਗੈਰ-ਹਾਜ਼ਰ ਨਾ ਰਹਿਣ।

5) ਸਬੰਧਤ ਹਲਕਾ ਕਾਨੂੰਗੋ ਹਰੇਕ ਮਹੀਨੇ ਘੱਟੋ-ਘੱਟ 2 ਵਾਰ, ਆਪਣੇ ਅਧੀਨ ਪਟਵਾਰ ਸਰਕਲਾਂ ਦੇ ਪਟਵਾਰੀਆਂ ਦੇ ਮੂਵਮੈਂਟ ਰਜਿਸਟਰ ਉਨ੍ਹਾਂ ਦੇ ਪਟਵਾਰ ਹਲਕੇ ਵਿਚ ਜਾ ਕੇ, ਅਚਨਚੇਤ ਚੈਕ ਕਰਦਿਆਂ, ਆਪਣੇ ਹਸਤਾਖਰ ਅਤੇ ਕਥਨ ਦਰਜ਼ ਕਰੇਗਾ।

6) ਇਸੇ ਪ੍ਰਕਾਰ ਸਬੰਧਤ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਹਰੇਕ ਮਹੀਨੇ ਹਰੇਕ ਕਾਨੂੰਗੋ ਦੁਆਰਾ ਤਿਆਰ ਕੀਤਾ ਗਿਆ ਮੂਵਮੈਂਟ ਰਜਿਸਟਰ ਦੋ ਵਾਰ, ਮੌਕੇ ਤੇ, ਅਚਨਚੇਤ ਚੈਕ ਕਰਕੇ, ਆਪਣੇ ਕਥਨ ਤੇ ਹਸਤਾਖਰ ਦਰਜ਼ ਕਰੇਗਾ।

7) ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਪਟਵਾਰੀਆਂ ਅਤੇ ਕਾਨੂੰਗੋਆਂ ਦੁਆਰਾ ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣਗੇ ਅਤੇ ਕੋਤਾਹੀਕਾਰ ਪਟਵਾਰੀਆਂ/ਕਾਨੂੰਗੋਆਂ ਵਿਰੁੱਧ ਕਾਰਵਾਈ ਕਰਨ ਲਈ ਯੋਗ ਪ੍ਰਣਾਲੀ ਅਪਣਾਉਂਦਿਆਂ, ਸਬੰਧਤ ਡਿਪਟੀ ਕਮਿਸ਼ਨਰ ਪਾਸ ਸਿਫਾਰਸ਼ ਕਰਨਗੇ।

8) ਡਾਇਰੈਕਟਰ, ਭੌਂ ਰਿਕਾਰਡ ਪੰਜਾਬ, ਜਲੰਧਰ ਪਟਵਾਰੀਆਂ ਅਤੇ ਕਾਨੂੰਗੋਆਂ ਦੀ ਸਾਲਾਨਾ ਗੁਪਤ ਰਿਪੋਰਟ ਦੇ ਛਪਦੇ ਪ੍ਰਫਾਰਮੇ ਵਿਚ ਇਹ ਕਾਲਮ ਸ਼ਾਮਲ ਕਰਨ ਦੀ ਕਾਰਵਾਈ ਕਰੇਗਾ ਕਿ ਕਰਮਚਾਰੀ ਆਪਣੇ ਪਟਵਾਰ ਸਰਕਲ ਤੋਂ ਬਾਹਰ ਕਿਸੇ ਸਰਕਾਰੀ ਜਾਂ ਅਦਾਲਤੀ ਕੰਮ ਲਈ ਜਾਣ ਵੇਲੇ ਬਾਕਾਇਦਾ ਆਪਣੀ ਮੂਵਮੈਂਟ ਲਿਖਦਾ ਹੈ ਅਤੇ ਉਸ ਨੇ ਆਪਣਾ ਮੂਵਮੈਂਟ ਰਜਿਸਟਰ ਲਗਾਇਆ ਹੋਇਆ ਹੈ। ਇਹ ਕਾਲਮ ਸਬੰਧਤ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਬ-ਖੁਦ-ਕਲਮ ਭਰੇਗਾ।

9) ਸਰਕਾਰ ਦੇ ਪੱਧਰ ਤੇ ਮਾਲ ਅਮਲਾ-1 ਸ਼ਾਖਾ ਤਹਿਸੀਲਦਾਰ/ਨਾਇਬ ਤਹਿਸੀਲਦਾਰ ਦੀ ਸਾਲਾਨਾ ਗੁਪਤ ਰਿਪੋਰਟ ਦੇ ਛਪਦੇ ਪ੍ਰਫਾਰਮੇ ਵਿਚ ਇਹ ਕਾਲਮ ਸ਼ਾਮਲ ਕਰਨ ਦੀ ਕਾਰਵਾਈ ਕਰੇਗੀ ਕਿ ਅਧਿਕਾਰੀ ਵਲੋਂ ਆਪਣੀ ਤਹਿਸੀਲ ਜਾਂ ਸਬ-ਤਹਿਸੀਲ ਦੀ ਹੱਦ ਅੰਦਰ ਪੈਂਦੇ ਕਾਨੂੰਗੋ ਸਰਕਲਾਂ ਦੇ ਕਾਨੂੰਗੋਆਂ ਦੇ ਮੂਵਮੈਂਟ ਰਜਿਸਟਰ ਨਿਰੰਤਰ ਚੈਕ ਕਰਨ ਦੀ ਪ੍ਰਕਿਰਿਆ ਦੀ ਪਾਲਣਾ ਕੀਤੀ ਹੈ। ਇਹ ਇੰਦਰਾਜ ਸਬੰਧਤ ਰਿਪੋਰਟ ਕਰਤਾ ਅਧਿਕਾਰੀ ਭਰੇਗਾ।

10) ਜਿਹੜੇ ਅਧਿਕਾਰੀ ਜਾਂ ਕਰਮਚਾਰੀ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਦੇ ਦੋਸ਼ੀ ਪਾਏ ਜਾਣਗੇ, ਉਨ੍ਹਾਂ ਵਿਰੁੱਧ ਸਬੰਧਤ ਸੇਵਾ ਨਿਯਮਾਂ ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮ 1970 ਦੇ ਨਿਯਮ 10 ਤਹਿਤ ਛੋਟੀਆਂ ਸਜ਼ਾਵਾਂ ਲਈ ਮਾਮਲੇ ਚਲਾਏ ਜਾਣ।

(ਹਰਭੁਪਿੰਦਰ ਸਿੰਘ)
ਵਧੀਕ ਸਕੱਤਰ ਮਾਲ (ਨ)

ਪਿੱਠ ਅੰਕਣ ਨੰ: 31/12/2006-ਮਬ-1/ 2998 ਚੰਡੀਗੜ੍ਹ, ਮਿਤੀ 30-4-07

ਉਕਤ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਹੇਠ ਲਿਖੇ ਸਮੂਹ ਅਧਿਕਾਰੀਆਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਉਪ ਮੰਡਲ ਮੈਜਿਸਟਰੇਟ, ਪੰਜਾਬ।
2. ਡਾਇਰੈਕਟਰ, ਭੌਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ।
3. ਸਮੂਹ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ, ਪੰਜਾਬ।

(ਹਰਭੁਪਿੰਦਰ ਸਿੰਘ)
ਵਧੀਕ ਸਕੱਤਰ ਮਾਲ (ਨ)

ਇੱਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਮਾਲ ਵਿਭਾਗ (ਮਾਲ ਅਮਲਾ-1 ਸ਼ਾਖਾ ਵਿਚ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

60

2. ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾਂ ਦੀਆਂ ਸਾਲਾਨਾਂ ਗੁਪਤ ਰਿਪੋਰਟਾਂ ਦੇ ਪ੍ਰਫਾਰਮਿਆਂ ਵਿਚ ਉਨ੍ਹਾਂ ਦੁਆਰਾ ਕਾਨੂੰਗੋਆਂ ਦੇ ਮੂਵਮੈਂਟ ਰਜਿਸਟਰ ਚੈਕ ਕਰਨ ਬਾਰੇ ਇੰਦਰਾਜ ਸ਼ਾਮਲ ਕਰਨ ਦੀ ਖੇਚਲ ਕੀਤੀ ਜਾਵੇ।

20/4/08

(ਹਰਭੁਪਿੰਦਰ ਸਿੰਘ)
ਵਧੀਕ ਸਕੱਤਰ ਮਾਲ (ਨ)

ਸੇਵਾ ਵਿਖੇ,

ਸਕੱਤਰ, ਪੰਜਾਬ ਸਰਕਾਰ,
ਮਾਲ ਵਿਭਾਗ।
(ਮਾਲ ਅਮਲਾ-1 ਸ਼ਾਖਾ ਵਿੱਚ)

ਅੰ:ਵਿ:ਪ:ਨੰ: 31/26/2006-ਮਬ-1/ 2999 ਚੰਡੀਗੜ੍ਹ, ਮਿਤੀ 20-5-08